# ਓਰੇਗਨ ਆਈਡੀ ਨੂੰ ਕਿਵੇਂ ਪੜ੍ਹਨਾ ਹੈ

ਓਰੇਗਨ ਵਿੱਚ, 21 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਤੰਬਾਕੂ ਉਤਪਾਦ, ਈ-ਸਿਗਰੇਟਾਂ ਅਤੇ ਵੈਪਿੰਗ ਉਤਪਾਦ ਵੇਚਣਾ ਕਾਨੂੰਨ ਦੇ ਵਿਰੁੱਧ ਹੈ। ਤੁਹਾਨੂੰ ਇਹਨਾਂ ਉਤਪਾਦਾਂ ਨੂੰ ਵੇਚਣ ਤੋਂ ਪਹਿਲਾਂ, 30 ਸਾਲ ਤੋਂ ਘੱਟ ਉਮਰ ਦੇ ਸਾਰੇ ਵਿਅਕਤੀਆਂ ਦੀ ਵੈਧ ਆਈਡੀ ਦੀ ਜਾਂਚ ਕਰਨੀ ਚਾਹੀਦੀ ਹੈ।

## ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਫੋਟੋ ਆਈਡੀ ਨੂੰ ਉਹਨਾਂ ਦੀ ਉਮਰ ਦੇ ਸਬੂਤ ਵਜੋਂ ਸਵੀਕਾਰ ਕਰ ਸਕਦੇ ਹੋ:

1. ਸੰਯੁਕਤ ਰਾਜ ਜਾਂ ਵਿਦੇਸ਼ੀ ਸਰਕਾਰ ਦੁਆਰਾ ਜਾਰੀ ਕੀਤਾ ਪਾਸਪੋਰਟ ਜਾਂ ਪਾਸਪੋਰਟ ਕਾਰਡ।
2. ਯੂਐਸ ਰਾਜ ਦੁਆਰਾ ਜਾਰੀ ਕੀਤਾ ਇੱਕ ਡ੍ਰਾਈਵਰ ਲਾਇਸੰਸ।
3. ਯੂਐਸ ਰਾਜ ਦੁਆਰਾ ਜਾਰੀ ਕੀਤਾ ਗਿਆ ਇੱਕ ਆਈਡੀ ਕਾਰਡ।
4. ਇੱਕ ਯੂਐਸ ਸੰਘੀ ਮਾਨਤਾ ਪ੍ਰਾਪਤ ਕਬੀਲੇ ਦੁਆਰਾ ਜਾਰੀ ਕੀਤੀ ਇੱਕ ਆਈਡੀ।
5. ਇੱਕ ਯੂਐਸ ਮਿਲਟਰੀ ਆਈਡੀ ਕਾਰਡ।
6. ਕਿਸੇ ਯੂਐਸ ਰਾਜ ਜਾਂ ਖੇਤਰ ਦੁਆਰਾ ਜਾਰੀ ਕੀਤਾ ਗਿਆ ਕੋਈ ਹੋਰ ਆਈਡੀ ਕਾਰਡ ਜਿਸ ਵਿੱਚ ਇਹ ਸਭ ਹੋਣ:
   - ਉਹਨਾਂ ਦੀ ਤਸਵੀਰ
   - ਉਹਨਾਂ ਦਾ ਨਾਮ
   - ਉਹਨਾਂ ਦੀ ਜਨਮ ਤਾਰੀਖ, ਅਤੇ
   - ਉਹਨਾਂ ਦਾ ਸਰੀਰਕ ਵੇਰਵਾ।

## 21 ਤੋਂ ਘੱਟ ਦੀ ਆਈਡੀ ਦੀ ਜਾਂਚ ਕਿਵੇਂ ਕਰਨੀ ਹੈ

**ਇੱਕ ਓਰੇਗਨ ਡ੍ਰਾਈਵਰ ਲਾਇਸੰਸ ਅਤੇ ਇੱਕ ਓਰੇਗਨ ਆਈਡੀ ਕਾਰਡ ਵਿੱਚ ਉਹ ਮਿਤੀਆਂ ਸ਼ਾਮਲ ਹੁੰਦੀਆਂ ਹਨ ਜਦੋਂ ਵਿਅਕਤੀ ਦੀ ਉਮਰ 18 ਅਤੇ 21 ਸਾਲ ਦੀ ਹੁੰਦੀ ਹੈ। ਮਿਤੀਆਂ ਕਾਰਡ ਦੇ ਸੱਜੇ ਪਾਸੇ ਉੱਤੇ ਲਾਲ ਬਕਸੇ ਦੇ ਅੰਦਰ ਹੁੰਦੀਆਂ ਹਨ**




ਜ਼ਿਆਦਾਤਰ ਗਾਹਕਾਂ ਕੋਲ ਓਰੇਗਨ ਡ੍ਰਾਈਵਰ ਲਾਇਸੈਂਸ ਜਾਂ ਓਰੇਗਨ ਆਈਡੀ ਕਾਰਡ ਹੁੰਦਾ ਹੈ। ਓਰੇਗਨ ਡਰਾਈਵਰ ਅਤੇ ਮੋਟਰ ਵਹੀਕਲ (DMV) ਸੇਵਾਵਾਂ ਦੋਵੇਂ ਕਾਰਡ ਜਾਰੀ ਕਰਦੀਆਂ ਹਨ। ਇਹ ਕਾਰਡ ਇੱਕ-ਸਮਾਨ ਦਿਖਾਈ ਦਿੰਦੇ ਹਨ।

ਜਦੋਂ ਤੁਸੀਂ ਆਈਡੀ ਚੈੱਕ ਕਰਦੇ ਹੋ ਤਾਂ ਜਲਦਬਾਜ਼ੀ ਨਾ ਕਰੋ ਜਾਂ ਕਿਸੇ ਨੂੰ ਆਪਣੇ 'ਤੇ ਦਬਾਅ ਨਾ ਪਾਉਣ ਦਿਓ। ਕਾਨੂੰਨ ਦੀ ਪਾਲਣਾ ਕਰਨ ਲਈ ਇਸ ਦੀ ਧਿਆਨ ਨਾਲ ਜਾਂਚ ਕਰੋ। ਤੁਸੀਂ ਸਿਰਫ਼ ਉਹਨਾਂ ਦੀ ਜਨਮ ਤਾਰੀਖ ਨਹੀਂ ਪੁੱਛ ਸਕਦੇ। ਤੁਹਾਨੂੰ ਹਮੇਸ਼ਾ ਆਈਡੀ ਦੀ ਜਾਂਚ ਕਰਨੀ ਚਾਹੀਦੀ ਹੈ।

21 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤੰਬਾਕੂ ਉਤਪਾਦ, ਈ-ਸਿਗਰੇਟਾਂ ਅਤੇ ਵੈਪਿੰਗ ਉਤਪਾਦਾਂ ਨੂੰ ਵੇਚਣ ਦੇ ਵਿਰੁੱਧ ਕਾਨੂੰਨਾਂ ਬਾਰੇ ਹੋਰ ਜਾਣਕਾਰੀ ਲਈ tobacco.inspections@odhsoha.oregon.gov'ਤੇ ਈਮੇਲ ਕਰੋ।

Oregon Health Authority
PUBLIC HEALTH DIVISION

ਤੁਸੀਂ ਇਹ ਦਸਤਾਵੇਜ਼ ਹੋਰਨਾਂ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਲਿਪੀ ਜਾਂ ਆਪਣੀ ਪਸੰਦ ਦੇ ਰੂਪ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ। 503-945-8120 ਵੌਇਸ 'ਤੇ ਤੰਬਾਕੂ ਰਿਟੇਲ ਲਾਇਸੈਂਸ ਪ੍ਰੋਗਰਾਮ ਨਾਲ ਜਾਂ TTY ਲਈ 711 'ਤੇ ਸੰਪਰਕ ਕਰੋ, ਜਾਂ tobacco.inspections@odhsoha.oregon.gov 'ਤੇ ਈਮੇਲ ਕਰੋ

200-224808_OHA 9492 (02/2024) Punjabi